<OFFICIAL AND MEDIA LANGUAGES><MASS MEDIA><KAUR AJIT><KHANABADOSH AJIT KAUR><1981><NAGMANI - MARCH, 1981><DELHI><26-29><2052><KAUR A. - KHANABADOSH MMA>

ਜ਼ਿੰਦਗੀ ਵਿਚ ਪਹਿਲੀ ਵਾਰੀ ਉਹ ਇਕ ਕਮਰਾ ਸੀ, ਵਰਕਿੰਗ ਗਰਲਜ਼ ਹੋਸਟਲ ਵਿਚ, ਜਿਹੜਾ ਨਿਰੋਲ ਮੇਰਾ ਆਪਣਾ ਸੀ, ਮੇਰਾ ਤੇ ਮੇਰੀਆਂ ਦੋਹਾਂ ਧੀਆਂ ਦਾ ।

ਸਾਡਾ ਘਰ । ਇਸ ਘਰ ਵਿਚ ਘੋਰ ਗ਼ਰੀਬੀ ਸੀ । ਬੇਹੱਦ ਫਟੇਹਾਲੀ ਸੀ । ਬਿਸਤਰੇ ਵੀ ਸਾਡੇ ਕੋਲ ਪੂਰੇ ਨਹੀਂ ਸਨ । ਇਕੋ ਰਜ਼ਾਈ ਸੀ ਜਿਸ ਵਿਚ ਮੈਂ ਡੌਲੀ ਤੇ ਕੈਂਡੀ ਦੋਹਾਂ ਨੂੰ ਸੁਆ ਦੇਂਦੀ ਤੇ ਆਪ ਸਾਰੀ ਰਾਤ ਦਰੀ ਉਤੇ ਲੈ ਕੇ ਠੁਰਕਦੀ । ਰੋਟੀ ਅਸੀ ਹੋਸਟਲ ਤੋਂ ਦੋ ਬੰਦਿਆਂ ਲਈ ਲੈਂਦੇ ਤੇ ਤਿੰਨੇ ਖਾਂਦੇ ਕਿਉਂਕਿ ਦੋ ਥਾਲੀਆਂ ਨੂੰ ਤਿੰਨਾਂ ਵਿਚ ਵੰਡ ਕੇ ਸਾਰਿਆਂ ਦੇ ਸਾਹਮਣੇ ਖਾਣਾ ਚੰਗਾ ਨਹੀਂ ਸੀ ਲੱਗਦਾ, ਏਸ ਕਰਕੇ ਮੈਂ ਕਿਚਨ ਵਿਚ ਜਾ ਕੇ ਐਲਿਊਮੀਨੀਅਮ ਦੇ ਚਿੱਬੇ ਜਿਹੇ ਡੱਬੇ ਵਿਚ ਪਾਣੀ ਵਰਗੀ ਪਤਲੀ ਦਾਲ ਤੇ ਕੋਈ ਸਬਜ਼ੀ ਤੇ ਸੁੱਕੀਆਂ ਰੋਟੀਆਂ ਲੈ ਆਉਂਦੀ ਜਿਹੜੀ ਅਸੀਂ ਤਿੰਨੇ ਆਪਣੇ ਕਮਰੇ ਵਿਚ ਬਹਿ ਕੇ ਖਾ ਲੈਂਦੇ । ਰੋਟੀ ਡੱਬੇ ਵਿਚ ਪੁਆਣ ਲੱਗਿਆਂ ਮੈਂ ਲਾਗਰੀ ਨਾਲ ਨਜ਼ਰਾਂ ਨਾ ਮਿਲਾ ਸਕਦੀ । ਲੱਗਦਾ, ਜਿਵੇਂ ਚੋਰੀ ਕਰ ਰਹੀ ਹੋਵਾਂ । ਮਗਰੋਂ, ਜਿਹੜੀ ਮਾਈ ਗੁਆਂਢਣ ਦੇ ਭਾਂਡੇ ਮਾਂਜਣ ਔਂਦੀ ਸੀ, ਉਹਦੇ ਛੋਟੇ ਪੁੱਤਰ ਨੂੰ ਤਿੰਨ ਰੁਪਏ ਮਹੀਨੇ ’ਤੇ ਡੱਬਾ ਕਮਰੇ ਵਿਚ ਲਿਆਉਣ ਲਈ ਮਨਾ ਲਿਆ ।

ਬਈ, ਕੌਣ ਕਹਿੰਦਾ ਏ ਕਿ ਦੁੱਖ ਦਾਰੂ ਹੁੰਦਾ ਏ ? ਕੌਣ ਕਹਿੰਦਾ ਏ ਕਿ ਗ਼ਰੀਬੀ ਤੇ ਦੁੱਖ ਤੇ ਤਕਲੀਫ਼ਾਂ ਆਤਮਾ ਨੂੰ ਪਵਿੱਤਰ ਕਰਦੇ ਨੇ ? ਨਹੀਂ ਦੋਸਤੋ, ਇਹ ਤਾਂ ਬੰਦੇ ਨੂੰ ਬੇਹੱਦ ਜ਼ਲੀਲ ਤੇ ਕਮੀਨਾ ਬਣਾ ਦੇਂਦੇ ਨੇ । ਦਿਨ ਰਾਤ ਬਸ ਪੈਸਿਆਂ ਦਾ ਹਿਸਾਬ-ਕਿਤਾਬ ਤੇ ਤੋੜ-ਜੋੜ ਕਰਦਿਆਂ ਗੁਜ਼ਰ ਜਾਂਦਾ ਏ । ਜ਼ਿੰਦਗੀ ਦੀ ਸਭ ਤੋਂ ਉਚੀ ਤੇ ਸਭ ਤੋਂ ਆਲੀਸ਼ਨ ਤੇ ਸਭ ਤੋਂ ਬ-ਵਕਾਰ ਤਮੰਨਾ ਬਸ ਇਕੋ ਹੀ ਰਹਿ ਜਾਂਦੀ ਏ ਕਿ

ਏਨੇ ਪੈਸਿਆਂ ਵਿਚ ਮਹੀਨੇ ਦੇ ਸਾਰੇ ਦੇ ਸਾਰੇ ਤੀਹ ਦਿਨ ਲੰਘ ਜਾਣ । ਸਭ ਤੋਂ ਵੱਡਾ ਸੁਪਨਾ ਇਕੋ ਹੀ ਹੋ ਜਾਂਦਾ ਏ ਕਿ ਕਿਸੇ ਦਾ ਉਧਾਰ ਨਾ ਚੜ੍ਹ ਜਾਵੇ ਤੇ ਮਨੁੱਖ ਸੁੰਗੜ ਕੇ ਨਿੱਕੀ ਜਿਹੀ ਕੀੜੀ ਬਣ ਜਾਂਦਾ ਏ -ਦਾਣਾ ਦਾਣਾ ਘਸੀਟਦੀ, ਜਲੀਲ, ਕਮ-ਜ਼ਰਫ਼ ਕੀੜੀ । ਸਗੋਂ ਕੀੜੀ ਨਾਲੋਂ ਵੀ ਘਟੀਆ, ਕਿਉਂਕਿ ਕੀੜੀ ਤਾਂ ਸ਼ਾਹਣੀ ਹੁੰਦੀ ਏ, 'ਮੀਂਹ ਵਾਲੇ ਦਿਨਾਂ' ਲਈ ਜੋੜ ਕੇ ਰਖਦੀ ਏ, ਆਪਣੀ ਸੀਰੀ ਜ਼ਲਾਲਤ ਦੇ ਬਾਵਜੂਦ ਤਕਲੀਫ਼ ਦੇ ਦਿਨ ਆਪਣੀ ਖੁੱਡ ਵਿਚ ਜਮ੍ਹਾਂ ਕੀਤੇ ਅਨਾਜ ਨਾਲ ਮਜ਼ੇ-ਮਜ਼ੇ ਕੱਟ ਲੈਂਦੀ ਏ ਪਰ ਗ਼ੁਰਬਤ ਵਿਚ ਪਿਸਦੇ ਬੰਦੇ ਕੋਲ ਮੀਂਹ ਦੇ ਦਿਨਾਂ ਵਿਚ ਬੱਸ ਭਿੱਜੀ ਜਾਣ ਤੋਂ ਇਲਾਵਾ ਕੁਝ ਚਾਰਾ ਨਹੀਂ ਹੁੰਦਾ ਭੁੱਖੇ ਢਿੱਡ, ਭਿੱਜੀ ਜਾਓ ।

ਤਾਂ ਵੀ ਕਦੇ ਕਦੇ ਉਸ ਕਮਰੇ ਦੇ ਨਾਲ ਜਦੋਂ 'ਸਾਡੇ ਘਰ' ਦਾ ਤਖ਼ੀਈਅਲ ਆ ਜੁੜਦਾ, ਬੜਾ ਮਾਣ ਹੁੰਦਾ ਉਹਦੇ 'ਤੇ । ਜਿਸ ਵੇਲੇ ਜੀਅ ਕਰੇ, ਸੌਂ ਜਾਓ, ਜਿਸ ਵੇਲੇ ਜੀਅ ਕਰੇ, ਜਾਗ ਪਵੋ । ਜਿਸ ਵੇਲੇ ਜੀਅ ਕਰ, ਪੜ੍ਹੋ । ਕੋਈ ਡਾਂਟਣ ਵਾਲਾ ਨਹੀਂ ਕਿ 'ਏਨੀ ਰਾਤ ਤੱਕ ਬੱਤੀ ਕਿਉਂ ਜਗ ਰਹੀ ਏ, ਬਿੱਲ ਤੇਰੇ ਪਿਓ ਨੇ ਦੇਣਾ ਏ ?' ਤੇ ਰੱਜ ਕੇ ਤੇਜ਼ ਰੌਸ਼ਨੀ ਵਾਲੇ ਬਲਬ ਲਗਾਓ । ਕਿਉਂਕਿ ਮੇਰੇ ਖ਼ਾਵੰਦ ਦੇ ਘਰ ਸਿਰਫ਼ ਪੰਝੀ ਕੈਂਡਲ ਪਾਵਰ ਦੇ ਬਲਬਾਂ ਦੀ ਇਜ਼ਾਜਤ ਸੀ ਤਾਂਕਿ ਬਿਜਲੀ ਘੱਟ ਖ਼ਰਚ ਹੋਵੇ, ਗੁਸਲਖ਼ਾਨੇ ਤੇ ਰਸੋਈ ਵਿਚ ਜ਼ੀਰੋ ਕੈਂਡਲ ਪਾਵਰ, ਹੁਣ ਆਪਣੇ ਏਸ ਘਰ ਵਿਚ ਮੈਂ ਸੌ ਸੌ ਕੈਂਡਲ ਪਾਵਰ ਦੇ ਬਲਬ ਲਿਆ ਕੇ ਲਗਾਏ । ਰਜ਼ਾਈ ਖ਼ਰੀਦਣ ਤੋਂ ਵੀ ਪਹਿਲਾਂ, ਸਭ ਤੋਂ ਪਹਿਲਾਂ, ਪਹਿਲਾ ਖ਼ਰਚ ਜਿਹੜਾ ਮੈਂ ਇਸ ਘਰ ਲਈ ਕੀਤਾ, ਉਹ ਸਨ ਸੌ ਸੌ ਕੈਂਡਲ ਪਾਵਰ ਦੇ ਬਲਬ, ਤੇ ਸੌ ਕੈਂਡਲ ਪਾਵਰ ਦੇ ਬਲਬ ਵਾਲਾ ਇਕ ਟੇਬਲ ਲੈਂਪ ।

ਇਸ ਕਮਰੇ ਵਿਚ ਢਾਈ ਵਰ੍ਹੇ ਰਹਿਣ ਮਗਰੋਂ ਸਾਹਮਣੇ ਨਵੀਂ ਬਣੀ 'ਅੰਕਟੈਡ ਬਿਲਡਿੰਗ' ਵਿਚ ਇਕ ਫਲੈਟ ਐਲਾਟ ਹੋ ਗਿਆ । ਇਹ ਪਹਿਲਾ ਘਰ ਸੀ ਜਿਹੜਾ ਮੇਰੇ 'ਘਰ' ਦੇ ਤਸੱਵਰ ਦੇ ਮੇਚ ਦਾ ਸੀ । ਸੁਪਨੇ ਦੇ ਹਾਣ ਦਾ । ਸਿਰਫ਼ ਇਕੋ ਈ ਘਾਟ ਸੀ ਕਿ ਖੁੱਲ੍ਹਾ ਨਹੀਂ ਸੀ । ਕਿਉਂਕਿ ਮੇਰੇ 'ਘਰ' ਦੇ ਤਸੱਵਰ ਵਿਚ ਬਹੁਤ ਸਾਰੀ ਖੁਲ੍ਹੀ

ਸਪੇਸ ਹੋਈ ਲਾਜ਼ਮੀ ਸੀ ।

ਉਂਜ ਇਸ ਫ਼ਲੈਟ ਦੇ ਦੋਵੇਂ ਕਮਰੇ ਖ਼ੂਬਸੂਰਤ ਸਨ । ਫਰਨੀਚਰ ਖ਼ੂਬਸੂਰਤ ਸੀ । ਪਹਿਲੀ ਵਾਰੀ ਡਨਲਪ ਦੇ ਪਲੰਘ ਸਨ ਮੇਰੇ ਘਰ ਵਿਚ । ਢਾਈ ਸਾਲ ਪਾਲੇ ਵਿਚ ਠੁਰਕਣ ਮਗਰੋਂ ਇਹ ਘਰ ਬਹੁਤ ਨਿੱਘਾ ਸੀ ਤੇ ਰੌਸ਼ਨੀ ਤੇ ਹਵਾ ਨਾਲ ਭਰਿਆ ਹੋਇਆ । ਸੱਤਵੀਂ ਮੰਜ਼ਲ ਦਾ ਇਹ ਫ਼ਲੈਟ ਆਸਮਾਨ ਦੇ ਵੀ ਬਿਲਕੁਲ ਗੁਆਂਢ ਸੀ ।

ਨਾਲੇ ਇਸ ਫ਼ਲੈਟ ਵਿਚ ਰਤਾ ਵੀ ਡਰ ਨਹੀਂ ਸੀ ਲੱਗਦਾ । ਬਾਹਰ ਖੁੱਲ੍ਹਾਂ ਛੱਜਾ ਸੀ ਜਿਸ ਉਤੇ ਦੋ ਮੰਜੇ ਡਹਿ ਜਾਂਦੇ ਸਨ । ਗਰਮੀਆਂ ਵਿਚ ਉਥੇ ਸੰਵੀਂਦਾ ਸੀ, ਤੇ ਸਰਦੀਆਂ ਵਿਚ ਅਦੰਰ ।

ਇਕ ਕਮਰੇ ਵਿਚ ਦਫ਼ਤਰ ਬਣਾ ਦਿੱਤਾ, ਕਿਉਂਕਿ ਓਦੋਂ ਮੈਂ ਸਕੂਲ ਦੀ ਨੌਕਰੀ ਛੱਡ ਕੇ, ਜਿਥੇ ਮੈਂ ਹੁਣ ਵਾਈਸ ਪ੍ਰਿੰਸੀਪਲ ਸਾਂ, ਪਰ ਅਸਲ ਵਿਚ ਪ੍ਰਿੰਸੀਪਲੀ ਹੀ ਕਰ ਰਹੀ ਸਾਂ, ‘ਰੂਪੀ ਟ੍ਰੇਡ’ ਪਰਚਾ ਸ਼ੁਰੂ ਕਰ ਲਿਆ ਸੀ । ਦੂਜਾ ਕਮਰਾ ਸਾਡਾ ਸੌਣ ਦਾ, ਤੇ ਬਹਿਣ ਦਾ, ਤੇ ਪੜ੍ਹਨ ਦਾ, ਤੇ ਲਿਖਣ ਦਾ, ਤੇ ਪਿਆਰ ਕਰਨ ਦਾ, ਤੇ ਲੜਨ ਦਾ ਕਮਰਾ ਸੀ । ਪਰ ਬੱਚੇ ਓਦੋਂ ਦੋਵੇਂ ਹੀ ਸ਼ਿਮਲੇ ਹੋਸਟਲ ਵਿਚ ਸਨ, ਸਿਰਫ਼ ਛੁੱਟੀਆਂ ਵਿਚ ਏਥੇ ਹੁੰਦੇ ਸਨ ।

ਜਦੋਂ ਸ਼ਿਮਲੇ ਦੀ ਪੜ੍ਹਾਈ ਖ਼ਤਮ ਹੋਈ, ਤਾਂ ਬੱਚਿਆਂ ਨੂੰ ਲੱਗਾ ਕਿ ਉਹ ਫ਼ਲੈਟ ਬਹੁਤ ਛੋਟਾ ਸੀ । ਸੋ ਗ੍ਰੇਟਰ ਕੈਲਾਸ਼ ਵਿਚ ਇਕ ਘਰ ਲੈ ਲਿਆ ।

ਇਹ ਘਰ ਬਹੁਤ ਖੁਲ੍ਹਾ ਸੀ । ਪਹਿਲੀ ਵਾਰੀ ਇਕ ਕਮਰੇ ਵਿਚੋਂ ਦੂਜੇ ਵਿਚ ਤੇ ਦੂਜੇ ਤੇ ਦੂਜੇ ਤੋਂ ਤੀਜੇ, ਚੌਥੇ ਵਿਚ ਘੰਮਦਿਆਂ, ਖੁਲ੍ਹੇ ਚੌਂਕੇ ਵਿਚ ਸਜਾ ਕੇ ਰਖੇ ਭਾਂਡਿਆਂ ਵਿਚ ਰੋਟੀ ਪਕਾਂਦਿਆਂ, ਮਾਲੀ ਕੋਲੋਂ ਕਲਕੱਤਵੀ ਘਾਹ ਲਾਅਨ ਵਿਚ ਲਗਵਾਉਂਦਿਆਂ, ਗੁਲਾਬ ਦੀਆਂ ਕਲਮਾਂ ਤੇ ਕੈਕਟਸ ਦੇ ਪੌਦੇ ਨਰਸਰੀਆਂ ਵਿਚੋਂ ਖ਼ਰੀਦਦਿਆਂ, ਡਰਾਇੰਗ ਰੂਮ ਲਈ ਰਵੀ ਸੀਕਰੀ ਕੋਲੋਂ ਸਵੀਡਿਸ਼ ਡੀਜ਼ਾਇਨ ਦਾ ਸੋਫ਼ਾ ਸੈੱਟ ਤੇ ਸਾਵੇ ਘਾਹ ਦੇ ਰੰਗ ਦਾ ਕਾਲੀਨ ਖ਼ਰੀਦਦਿਆਂ, ਆਪਣੇ ਲਿਖਣ ਜੋਗਾ ਵੱਖਰਾ ਮੇਜ਼ ਬਣਵਾਉਂਦਿਆਂ, ਤੇ ਸਾਰੇ ਕਮਰਿਆਂ ਵਿਚ ਲਟ ਲਟ ਕਰਦੇ ਸੌ ਸੌ ਕੈਂਡਲ ਪਾਵਰ ਦੇ ਬਲਬ ਲਗਵਾਂਦਿਆਂ ਲੱਗਾ ਕਿ ਮੈਂ ਸਭ

ਕੋਲੋਂ ਸਾਰੇ ਸਿਤਮਾਂ ਦਾ ਬਦਲਾ ਲੈ ਲਿਆ ਏ ।

ਇਹ ਘਰ ਤੇ ਸਾਲਾਂ ਮਗਰੋਂ ਛੱਡਣਾ ਪਿਆ । ਮਾਲਕ ਮਕਾਨ ਨੇ ਕਿਹਾ ਉਹਨਾਂ ਆਪ ਰਹਿਣਾ ਏ । ਸਰਕਾਰ ਨੇ ਨਵਾਂ ਕਾਨੂੰਨ ਬਣਾ ਦਿੱਤਾ ਸੀ ਕਿ ਜਿਹੜੇ ਮਾਨਕ ਮਕਾਨ ਸਰਕਾਰੀ ਨੌਕਰ ਹੋਣ, ਉਹ ਸਰਕਾਰੀ ਮਕਾਨ ਛੱਡ ਕੇ ਆਪਣੇ ਬਣਾਏ ਮਕਾਨਾਂ ਵਿਚ ਸ਼ਿਫਟ ਕਰਨ ਤੇ ਏਸੇ ਅੜਿੱਕੇ ਵਿਚ ਮਕਾਨਾਂ ਦੇ ਮਾਲਿਕ ਆਪਣੇ ਪੁਰਾਣੇ ਕਿਰਏਦਾਰਾਂ ਕੋਲੋਂ ਮਕਾਨ ਖ਼ਾਲੀ ਕਰਵਾ ਰਹੇ ਸਨ ।

ਓਦੋਂ ਤਕ ਸਿਰ ਤੋਂ ਹਜ਼ਾਰਾਂ ਤੂਫ਼ਾਨ ਗੁਜ਼ਰ ਚੁਕੇ ਸਨ । ਉਸ ਘਰ ਵਿਚ ਕੈਂਡੀ ਦਾ ਜਿਹੜਾ ਕਮਰਾ ਸੀ ਉਹ ਬੇਵਾ ਹੋ ਗਿਆ ਸੀ । ਕੈਂਡੀ ਸਾਨੂੰ ਸਭ ਨੂੰ ਛੱਡ ਕੇ ਜਾ ਚੁਕੀ ਸੀ । ਉਹਨੇ ਆਪਣੇ ਕਮਰੇ ਵਿਚ ਦੀਵਾਰਾਂ ਨੂੰ ਸ਼ਾਹ ਕਾਲਾ ਰੋਗ਼ਨ ਕਰਵਾਇਆ ਸਾ, ਤੇ ਵੱਡੀ ਦੀਵਾਰ ਉਤੇ ਆਪਣੀ ਹੱਥੀਂ ਕੂਚੀ ਫੜ ਕੇ ਅੱਗ ਦੇ ਰੰਗ ਦਾ ਸੂਹਾ ਸੂਰਜ ਬਣਾਇਆ ਸੀ । ਕਮਰੇ ਦੇ ਕ੍ਰੀਮ ਰੰਗ ਦੇ ਦਰਵਾਜੇ ’ਤੇ ਕਾਲੇ ਰੰਗ ਦੀ ਤੇ ਸੂਹੇ ਰੰਗ ਦੀ ਭਰੀ ਹੋਈ ਕੂਚੀ ਨਾਲ ਤ੍ਰੌਂਕਾ ਜਿਹਾ ਦਿੱਤਾ ਸੀ । ਵੱਡੇ ਕਾਲੇ ਤੇ ਸੂਹੇ ਥੋਬਿਆਂ ਵਿਚੋਂ ਕਾਲੀਆਂ ਤੇ ਸੂਹੀਆਂ ਧਾਰਾਂ ਨਿਕਲ ਕੇ ਇਕ ਦੂਜੀ ਵਿਚ ਰਲ ਗਈਆਂ ਸਨ । ਉਹ ਕਹਿੰਦੀ ਸੀ, “ਇਹ ਕਾਲੇ ਅੱਥਰੂ ਨੇ, ਇਹ ਲਾਲ ਅੱਥਰੂ ।” ਓਸ ਵੇਲੇ ਹੱਸ ਕੇ ਆਖੀ ਹੋਈ ਇਸ ਗੱਲ ਨਾਲ ਉਹਨੂੰ ਨਹੀਂ ਸੀ ਪਤਾ ਉਹ ਭਵਿੱਸ਼-ਵਾਣੀ ਕਰ ਰਹੀ ਸੀ । ਉਹਨੂੰ ਪਤਾ ਨਹੀਂ ਸੀ ਕਿ ਸਿਰਫ਼ ਉਹ ਦਰਵਾਜ਼ਾ ਹੀ ਨਹੀਂ ਉਹਦੀ ਸਾਰੀ ਉਮਰ, ਉਹ ਕਾਲੇ ਤੇ ਲਾਲ ਅੱਥਰੂ ਰੋਂਦੀ ਰਹੇਗੀ ।

ਘਰ ਦੇ ਮਾਲਕਾਂ ਨੇ ਘਰ ਲਈ ਜਦੋਂ ਤਕਾਜ਼ਾ ਕੀਤਾ, ਮੈਂ ਕਿਹਾ ਮਾਰਚ ਵਿਚ ਖ਼ਾਲੀ ਕਰ ਦਿਆਂਗੀ । ਮਾਰਚ ਦੇ ਅਖ਼ੀਰ ਤਕ ਕੋਈ ਮਕਾਨ ਨਹੀਂ ਮਿਲਿਆ । ਸੈਂਕੜੇ ਪਰਾਪਰਟੀ ਡੀਲਰਾਂ ਕੋਲ ਧੱਕੇ ਖਾਧੇ, ਅਖ਼ਬਾਰ ਵਿਚੋਂ ਹਰ ਐਤਵਾਰ ਕਿਰਾਏ ਲਈ ਖ਼ਾਲੀ ਘਰਾਂ ਤੇ ਇਸ਼ਤਿਹਾਰ ਵੇਖ ਵੇਖ ਕੇ ਥਾਂ ਥਾਂ ਗਈ, ਪਰ ਗੱਲ ਨਹੀਂ ਬਣੀ । ਹਰ ਮਕਾਨ ਮਾਲਕ ਅਜੀ ਸਵਾਲ ਪੁੱਛਦਾ ।

“ਤੁਹਾਡੇ ਹਜ਼ਬੈਂਡ ਕੀ ਕਰਦੇ ਨੇ ?”

“ਉਹ ਗੁਜ਼ਰ ਗਏ ਹੋਏ ਨੇ ।”

“ਓਹੋ ! ਤੇ ਹੁਣ ਤੁਸੀ ਕਿੰਨੇ ਲੋਗ ਰਹੋਗੇ ਇਸ ਘਰ ਵਿਚ ?”

“ਮੈਂ ਤੇ ਮੇਰੀ ਇਕ ਬੇਟੀ । ਮੇਰੇ ਪਿਤਾ ਜੀ ਕਦੇ ਮੇਰੇ ਕੋਲ ਰਹਿੰਦੇ ਨੇ, ਕਦੇ ਮੇਰੇ ਭਰਾ ਕੋਲ ।”

“ਪਿਤਾ ਜੀ ਕੀ ਕਰਦੇ ਨੇ ?”

“ਡਾਕਟਰ ਨੇ ।”

“ਭਰਾ ਕੀ ਕਰਦਾ ਏ ?”

“ਡਾਕਟਰ ਏ ।”

“ਤੇ ਤੁਸੀ ਆਪਣੇ ਭਰਾ ਕੋਲ ਕਿਉਂ ਨਹੀਂ ਰਹਿੰਦੇ ?”

ਮੈਂ ਕਰਮਸਾਂਦੀ, “ਮੈਂ ਆਪਣਾ ਇੰਡੀਪੈਂਡੈਂਟ ਕੰਮ ਕਰਦੀ ਹਾਂ । ਉਹਦੇ ਕੋਲ ਕਿਉਂ ਰਹਵਾਂ ?”

“ਕੀ ਕੰਮ ?”

“ਜਰਨਲਿਸਟ ਹਾਂ ।”

“ਕਿਹੜੀ ਅਖ਼ਬਾਰ ਵਿਚ ?”

“ਫ਼ਰੀ ਲਾਂਸ । ਤੇ ਆਪਣੇ ਅਖ਼ਬਾਰ ਵੀ ਚਲਾਉਂਦੀ ਹਾਂ ।”

“ਪਰ ਇਹੋ ਜਿਹੇ ਕੰਮ ਵਿਚੋਂ ਤੁਸੀ ਏਸ ਮਕਾਨ ਦਾ ਕਿਰਾਇਆ ਕਿਵੇਂ ਕੱਢੋਗੇ ?”

(ਇਹੋ ਜਿਹੇ ਕੰਮ ਯਾਨੀ ਇਹੋ ਜਿਹੇ ਫਟੀਚਰ ਕੰਮ । ਨਾ ਫ਼ੈਕਟਰੀ, ਨਾ ਐਕਸਪੋਰਟ, ਨਾ ਕੋਈ ਐਮਬੈਸੀ ਦੀ ਜਾਂ ਹੋਰ ਕੋਈ ਵੱਡੀ ਸਰਕਾਰੀ ਨੌਂਕਰੀ, ਨਾ ਬਿਜ਼ਨਸ । ਕਿਰਾਇਆ ਦੇਣ ਜੋਗੇ ਪੈਸੇ ਕਿਥੋਂ ਔਣਗੇ ਤੇਰੇ ਕੋਲ ਫਟੀਚਰ ਫ਼੍ਰੀ-ਲਾਂਸ ਜਰਨਲਿਸਟ !)

“ਕਿਰਾਇਆ ਦੇ ਸਕਦਾ ਹਾਂ, ਏਸੇ ਕਰਕੇ ਤਾਂ ਤੁਹਾਡਾ ਮਕਾਨ ਵੇਖਣ ਆਈ ਹਾਂ”- ਮੈਨੂੰ ਗੁੱਸਾ ਆ ਜਾਂਦਾ, ਗੱਲ ਮੁੱਕ ਜਾਂਦੀ ।

ਫੇਰ ਦੋਸਤਾਂ ਨੇ ਕਿਹਾ, ਤੂੰ ਤੈਸ਼ ਕਿਉਂ ਖਾ ਜਾਨੀ ਏਂ । ਅਗਲੇ ਦੀ ਚੀਜ਼ ਏ, ਉਹਨੇ ਠੋਕ ਵਜਾ ਕੇ ਹੀ ਦੇਣੀ ਏ । ਤੂੰ ਜ਼ਰਾ ਉਹਦੇ 'ਤੇ ਰੋਹਬ ਪਾਇਆ ਕਰ ।

ਰੋਹਬ ਪਾਣ ਲਈ ਮੇਰੇ ਕੋਲ ਸਿਰਫ਼ ਇਕ ਚੀਜ਼ ਸੀ -ਕਲਮ । ਤੇ ਉਹਦੀ ਕਿਸੇ ਨੂੰ ਕਦਰ ਨਹੀਂ ਸੀ । ਹਾਂ, ਇਕ ਹੋਰ ਟੁੱਟੀ ਭੱਜੀ ਚੀਜ਼ ਹੈ ਸੀ ਜਿਹੜੀ ਦਾਰ ਜੀ ਨੇ ਕਿਸੇ ਜ਼ਮਾਨੇ ਵਿਚ ਜ਼ਬਰਦਸਤੀ ਖ਼ਰੀਦਵਾ ਦਿੱਤੀ ਸੀ । ਨਹਿਰੂ ਪਲੇਸ ਵਿਚ ਇਕ ਕਮਰਸ਼ਲ ਫਲੈਟ ਸੀ ਜਿਹੜਾ ਕਿਰਾਏ 'ਤੇ ਦਿੱਤਾ ਹੋਇਆ ਸੀ ਤੇ ਉਹਦਾ ਕਿਰਾਇਆ ਅਠਾਰਾਂ ਸੌ ਪੰਜਾਹ ਰੁਪਏ ਔਂਦਾ ਸੀ । ਸੋ ਹੁਣ ਮਕਾਨਾਂ ਵਾਲਿਆਂ ਨੂੰ ਇਸ ਫ਼ਲੈਟ ਦੀ ਗੱਲ ਦੱਸਣੀ ਸ਼ੁਰੂ ਕੀਤੀ ।

ਪਰ ਇਕ ਗੱਲ ਦੀ ਜਦੋਂ ਫੈਸਲਾ ਹੋ ਜਾਂਦਾ, ਤਾਂ ਉਹ ਦੂਜੀ ਤਾਨ ਛੇੜਦੇ :

''ਪਰ ਤੁਸੀ ਦੋ ਮਾਂ-ਧੀ ਨੇ ਰਹਿਣਾ ਏ, ਤੇ ਤੁਹਾਨੂੰ ਏਡਾ ਵੱਡਾ, ਚਾਰ ਬੈਡੱਰੂਮ ਦਾ ਫ਼ਲੈਟ ਕਿਉਂ ਚਾਹੀਦਾ ਏ ?''

''ਇਕ ਕਮਰਾ ਮੇਰੇ ਪੜ੍ਹਨ ਲਿਖਣ ਲਈ ਤੇ ਛੋਟਾ ਜਿਹਾ ਦਫ਼ਤਰ ਬਨਾਉਣ ਲਈ ਚਾਹੀਦਾ ਏ, ਦੂਜਾ ਮੇਰੀ ਬੇਟੀ ਦੇ ਪੇਂਟ ਕਰਨ ਲਈ ਸਟੂਡਿਓ, ਇਕ ਸਾਡਾ ਸੌਣ ਵਾਲਾ ਕਮਰਾ, ਤੇ ਚੌਥਾ ਪਿਤਾ ਜੀ ਦਾ ਕਮਰਾ ਜਦੋਂ ਉਹ ਸਾਡੇ ਕੋਲ ਰਹਿਣ ।''

''ਪਰ ਤਾਂ ਵੀ...ਦੋ ਬੰਦਿਆਂ ਲਈ ਏਡਾ ਵੱਡਾ ਘਰ...''

''ਵੱਡਾ ਤੇ ਖੁੱਲ੍ਹਾ ਘਰ ਸਾਡੇ ਲਿਖਣ ਪੜ੍ਹਣ ਦੀ ਤੇ ਪੇਂਟ ਕਰਨ ਦੀ ਜ਼ਰੂਰਤ ਏ । ਖੁੱਲ੍ਹਾ ਘਰ ਸਾਡੇ ਲਈ ਏਸੇ ਤਰ੍ਹਾਂ ਏ ਜਿਸ ਤਰ੍ਹਾਂ ਕਿਸੇ ਹੋਰ ਲਈ ਕਲੱਬ ਜਾਣਾ, ਜਾਂ ਰੇਸ ਖੈਡਣੀ, ਜਾਂ ਸਕਾੱਚ ਪੀਣੀ । ਅਸੀਂ ਨਾ ਕਲੱਬਾਂ ਵਿਚ ਜਾਂਦੇ ਹਾਂ, ਨਾ ਰੇਸਾਂ 'ਤੇ, ਨਾ ਸਕਾੱਚ ਪੀਂਦੇ ਹਾਂ, ਸਿਰਫ਼ ਖੁਲ੍ਹੇ ਘਰ ਵਿਚ ਰਹਿੰਦੇ ਹਾਂ । ਇਹੀ ਸਾਡੀ ਕਪੈਸਿਟੀ ਏ, ਇਹੀ ਕਮਫ਼ਰਟ, ਇਹੀ ਲਗਯਰੀ ।''

''ਅੱਛਾ, ਸੋਚ ਕੇ ਫ਼ੋਨ ਕਰ ਦਿਆਂਗੇ ।''

ਮਾਰਚ ਵਿਚ ਉਹਨਾਂ ਲੋਕਾਂ ਨੂੰ ਕਿਹਾ, ਇਕ ਮਹੀਨਾ ਹੋਰ ਦਿਓ । ਮਕਾਨ ਫੇਰ ਵੀ ਨਹੀਂ ਮਿਲਿਆ ਤੇ ਅੰਤ ਨੂੰ, ਜ਼ਬਾਨ ਰੱਖਣ ਦੀ ਖਾਤਰ, ਅਪਰੈਲ ਦੇ ਅਖੀਰ ਵਿਚ ਮਕਾਨ ਖ਼ਾਲੀ

ਕਰ ਦਿੱਤਾ ।

ਸਾਮਾਨ ਦੋਸਤਾਂ ਦੇ ਗੈਰਜਾਂ ਵਿਚ ਸੁਟਿਆ । ਦਫ਼ਤਰ ਇਕ ਐਮ. ਪੀ. ਔਰਤ ਦੋਸਤ ਦੇ ਘਰ ਲੈ ਗਈ । ਤੇ ਇਕ ਬਕਸਾ ਚੁਕ ਕੇ ਖ਼ਾਨਾ-ਬਦੋਸ਼ਾਂ ਵਾਂਗੂੰ ਆਪਣੀ ਦੋਸਤ ਤੋਸ਼ੀ ਦੇ ਘਰ ।

ਨਵਾਂ ਮਕਾਨ ਜਦੋਂ ਮਿਲਿਆ ਤਾਂ ਮਕਾਨ ਵਾਲਿਆਂ ਨੇ ਦਸ ਥਾਵਾਂ ’ਤੇ ਦਸਤਖ਼ਤ ਕਰਵਾ ਲਏ । ਅੱਖਾਂ ਬੰਦ ਕਰ ਕੇ ਮੈਂ ਦਸਤਖ਼ਤ ਕਰਦੀ ਚਲੀ ਗਈ । ਘਬਰਾਹਟ ਦਾ ਫ਼ਾਇਦਾ ਉਠਾ ਨੇ ਉਹਨਾਂ ਲੋਗਾਂ ਨੇ ਕਿਰਾਏਨਾਮਾ ਸੈਕਸ਼ਨ ਟਵੈਂਟੀ-ਵਨ ਦੇ ਮੁਤਾਬਿਕ ਬਣਾ ਲਿਆ ਸ਼ਾਇਦ, ਸਿਰਫ਼ ਤਿੰਨਾਂ ਵਰ੍ਹਿਆਂ ਲਈ, ਜਿਸ ਦਾ ਰੌਲਾ ਹੁਣ ਭੁਗਤ ਰਹੀ ਹਾਂ ।

ਅਸਲ ਵਿਚ ਇਹ ਮਕਾਨ ਬਣਦਾ ਬਣਦਾ ਰੁਕ ਗਿਆ ਹੋਇਆ ਸੀ । ਮੈਂ ਕਈ ਵਾਰੀ ਇਸ ਮਕਾਨ ਦੇ ਅਗੋਂ ਲੰਘੀ ਸਾਂ, ਤੇ ਇਹਨੂੰ ਵੇਖਦੀ ਸਾਂ । ਇਕ ਕਾਫਟੀ ਲੰਮੇ ਚੌੜੇ ਜੰਗਲ ਜਿਹੇ ਨੂੰ ਝਾਕਦਾ ਇਹ ਮਕਾਨ ਮੈਨੂੰ ਬੜਾ ਬੀਬਾ ਲੱਗਦਾ । ਦਰਖ਼ਤਾਂ ਤੇ ਝਾੜੀਆਂ ਦੇ ਕਿਨਾਰੇ ’ਤੇ ਫ਼ਿਲਾਸਫ਼ਰ ਵਾਂਗੂੰ ਖੜੋਤਾ । ਪਰ ਉਜਾੜ ।

ਜਦੋਂ ਵੀ ਕਿਸੇ ਪਰਾਪਰਟੀ ਡੀਲਰ ਕੋਲੋਂ ਇਹਦੇ ਬਾਰੇ ਪੁੱਛਦੀ ਉਹ ਕਹਿੰਦੇ ਇਹ ਬੜੇ ਚਿਰ ਤੋਂ ਏਸੇ ਤਰ੍ਹਾਂ ਹੀ ਪਿਆ ਏ, ਪਤਾ ਨਹੀਂ ਕੋਈ ਬਣਾਂਦਾ ਬਣਾਂਦਾ ਮਰ ਖਪ ਗਿਆ ਏ, ਜਾਂ ਕੋਈ ਡਿਸਪਿਊਟਿਡ ਪਰਾਪਰਟੀ ਏ, ਪਤਾ ਨਹੀਂ ਕੀ ਏ ।

ਇਕ ਦਿਨ ਮੈਂ ਆਪ ਤਰਕਾਲਾਂ ਵੇਲੇ ਪਤਾ ਕਰਨ ਚਲੀ ਗਈ । ਇਕ ਫਟੇ-ਹਾਲ ਬਜ਼ੁਰਗ ਚਪੜਾਸੀ ਜਿਹਾ ਬੰਦਾ ਇੱਟਾਂ ਦਾ ਚੁੱਲ੍ਹਾ ਜੋੜ ਕੇ ਗੇਟ ਦੇ ਕੋਲ ਹੀ ਦੇਗਚੀ ਵਿਚ ਕੁਝ ਪਕਾ ਰਿਹਾ ਸੀ, ਤੇ ਕੋਲ ਪੈਰਾਂ ਭਾਰ ਉਕੜੂੰ ਬੈਠਾ ਸੀ । ਮੈਂ ਉਹਨੂੰ ਮਕਾਨ ਦੇ ਬਾਰੇ ਪੁੱਛਿਆ । ਉਹਨੇ ਸ਼ੱਕ ਨਾਲ ਮੇਰੇ ਵਲ ਤੱਕਿਆ ਤੇ ਕਿਹਾ, ‘‘ਸਿਰਫ਼ ਉਹਨੂੰ ਈ ਦੇਣਾ ਏ ਜਿਹੜਾ ਇਕ ਸਾਲ ਦਾ ਪੇਸ਼ਗੀ ਕਿਰਾਇਆ ਦੇਵੇ, ਕਿਉਂਕਿ ਉਹਨਾਂ ਪੈਸਿਆਂ ਨਾਲ ਹੀ ਮੁਕੰਮਲ ਹੋਏਗਾ ।’’ ਮੈਂ ਕਿਹਾ, ‘‘ਵਖਾ ਤਾਂ ਸਹੀ ।’’ ਉਹਨੇ ਮੈਨੂੰ ਦੋਵੇਂ ਛੱਤਾਂ ਵਖਾ ਦਿੱਤੀਆਂ । ਉਤਲੀ ਮੈਨੂੰ ਬਹੁਤੀ ਪਸੰਦ ਆਈ । ਫੇਰ ਉਹਨੇ ਮਾਲਕ

ਮਕਾਨ ਦਾ ਪਤਾ ਤੇ ਟੈਲੀਫ਼ੋਨ ਨੰਬਰ ਵੀ ਦੇ ਦਿੱਤਾ । ਮੈਂ ਉਹਨੂੰ ਤੁਰਨ ਲੱਗਿਆਂ ਪੰਜ ਰੁਪਏ ਬਖ਼ਸ਼ੀਸ਼ ਦਿੱਤੇ, ਜਿਹੜੇ ਉਹਨੇ ਨਿੱਕੀ ਜਿਹੀ ਸਲਾਮ ਜਿਹੀ ਕਰ ਕੇ ਲੈ ਲਏ ।

ਮਗਰੋਂ ਪਤਾ ਲੱਗਾ, ਇਹ ਮਕਾਨ ਦੇ ਮਾਲਕ ਦਾ ਵੱਡਾ ਭਰਾ ਸੀ । ਫੇਰ ਜੋੜ ਜੁੜਾਵੇ ਕਰ ਕੇ, ਹੁਧਾਰ ਫੜ ਕੇ, ਇਕ ਸਾਲ ਦੇ ਪੇਸ਼ਗੀ ਕਿਰਾਇਆ ਦੇ ਦਿੱਤਾ ਤੇ ਮਕਾਨ ਵਿਚ ਹੌਲੀ ਹੌਲੀ ਸ਼ਿਫ਼ਟ ਹੋ ਗਏ । ਜਿਉਂ ਜਿਉਂ ਇਕ ਇਕ ਕਮਰਾ ਠੀਕ ਠਾਕ ਹੋਈ ਜਾਂਦਾ ਸੀ, ਅਸੀ ਸ਼ਿਫ਼ਟ ਹੋਈ ਜਾਂਦੇ ਸਾਂ । ਪੂਰੀ ਤਰ੍ਹਾਂ ਇਸ ਮਕਾਨ ਨੇ ਕੋਈ ਦੋ ਕੁ ਮਹੀਨਿਆਂ ਵਿਚ ਘਰ ਦੀ ਸ਼ਕਲ ਅਖ਼ਤਿਆਰ ਕੀਤੀ ।

ਇਸੇ ਮਕਾਨ ਵਿਚੋਂ ਕੱਢਣ ਲਈ ਅਜਕਲ੍ਹ ਮੇਰੇ ਮਾਲਕ ਮਕਾਨ ਨੇ ਮੇਰੇ ’ਤੇ ਮੁਕਦਮਾ ਕੀਤਾ ਹੋਇਆ ਏ ।

ਇਕ ਵਾਰੀ ਮੁਕਦਮਾ ਸ਼ੁਰੂ ਹੋ ਹੀ ਜਾਵੇ, ਤਾਂ ਬੰਦਾ ਢੀਠ ਹੋ ਜਾਂਦਾ ਏ, ਪਰ ਜਦੋਂ ਮੁਕਦਮੇ ਦੀ ਤਲਵਾਰ ਸਿਰ ’ਤੇ ਲਟਕ ਰਹੀ ਹੋਵੇ, ਤੇ ਮਾਨਕ ਮਕਾਨ ਸਿਰਫ਼ ਧਮਕੀਆਂ ਦੇ ਰਿਹਾ ਹੋਵੇ, ਤੇ ਗਲੀ ਵਿਚ ਖੜੋ ਕੇ ਗੁਆਂਢੀਆਂ ਨਾਲ ਗੱਲ ਕਰਨ ਦੇ ਬਹਾਨੇ ਮੈਨੂੰ ਸੁਣਾ ਸੁਣਾ ਕੇ ਬੋਲ ਰਿਹਾ ਹੋਵੇ, “ਯੇ ਸਮਝਤੀ ਕਿਆ ਹੈ ਅਪਨੇ ਆਪ ਕੋ ? ਅਜੀ ਸਾਹਬ, ਮੈਂ ਨੇ ਇੰਦਰਾ ਗਾਂਧੀ ਕੋ ਹਿੰਦੋਸਤਾਨ ਸੇ ਨਿਕਾਲ ਦੀਆ, ਇਸ ਇੰਦਰਾ ਗਾਂਧੀ ਕੀ ਚਮਚੀ ਕੋ ਇਸ ਮਕਾਨ ਸੇ ਨਿਕਾਲਤੇ ਕਿਆ ਦੇਰ ਲਗੇਗੀ ਮੁਝੇ ? ਕਚਹਿਰੀ ਮੇਰੀ ਅਪਨੀ, ਚੀਫ਼ ਜਸਟਿਸ ਅਪਨਾ, ਪਰਾਈਮ ਮਨਿਸਟਰ ਆਪਣਾ, ਘਰ ਕੇ ਆਦਮੀ ਜੈਸਾ !”

ਮੇਰਾ ਮਾਲਕ ਮਕਾਨ ਰਾਜ ਨਰਾਇਣ ਦਾ ਵਕੀਲ ਏ । ਅਲਾਹਬਾਦ ਕੇਸ ਵੇਲੇ ਸ਼ਾਂਤੀ ਭੂਸ਼ਣ ਦਾ ਸਹਾਇਕ ਐਡਵੋਕੇਟ ਸੀ । ਤੇ ਜਿਨ੍ਹੀਂ ਦਿਨੀਂ ਮੁਕਦਮੇ ਦੀ ਥਮਕੀ ਦੇ ਰਿਹਾ ਸੀ, ਚੌਧਰੀ ਚਰਨ ਸਿੰਘ ਮੁਲਕ ਦਾ ਪਰਧਾਨ ਮੰਤਰੀ ਸੀ ।

ਹੋਰ ਭਾਵੇਂ ਕੋਈ ਵੀ ਚੀਜ਼ ਮੇਰੇ ਹੱਕ ਵਿਚ ਨਾ ਹੋਵੇ, ਸੱਚਾਈ ਮੇਰੇ ਹੱਕ ਵਿਚ ਸੀ । ਸਾਲ ਦਾ ਕਿਰਾਇਆ ਪੇਸ਼ਗੀ ਲੈਣ ਵੇਲੇ ਉਹਨੇ ਆਪਣੇ ਪੁੱਤਰ ਨੂੰ ਬੁਲਾ ਕੇ ਮੈਨੂੰ ਵਿਖਾਇਆ ਸੀ, “ਆਪ ਬਿਲਕੁਲ ਚਿੰਤਾ ਨਾ ਕਰੋ ਜੀ. ਯੇ ਕਿਰਾਏਨਾਮੇ ਤੋਂ ਬਿਲਕੁਲ

ਫ਼ਾਰਮੈਲਿਟੀ ਹੋਤੇ ਹੈਂ । ਯੇ ਮੇਰਾ ਏਕ ਹੀ ਬੇਟਾ ਹੈ, ਚੌਥੀ ਜਮਾਤ ਮੇਂ ਪੜ੍ਹਤਾ ਹੈ । ਜਬ ਤਕ ਇਸ ਕੀ ਸ਼ਾਦੀ ਨਹੀਂ ਹੋ ਜਾਤੀ, ਹਮੇਂ ਮਕਾਨ ਕਾ ਉਪਰ ਵਾਲਾ ਪੋਰਸ਼ਨ ਚਾਹੀਏ ਹੀ ਨਹੀਂ । ਔਰ ਫਿਰ ਮੇਰੇ ਸਿਰ ਤੋ ਚਾਰ ਲਾਖ ਕਾ ਕਰਜ਼ਾ ਹੈ । ਕਿਰਾਏ ਮੇਂ ਸੇ ਹੀ ਤੋ ਉਤਾਰੂੰਗਾ ।''

ਪਰ ਜਨਤਾ ਸਰਕਾਰ ਦੇ ਰਾਡ ਵਿਚ ਉਹਦੇ ਚਾਰ ਤਾਂ ਕੀ, ਸ਼ਾਇਦ ਚਾਲੀ ਲੱਖ ਬਣਾ ਲਿਆ ਸੀ । ਦਿਨ ਰਾਤ ਸਰਕਾਰੇ ਦਰਬਾਰੇ ਕੰਮ ਕਰਵਾਉਣ ਆਏ ਲੋਗਾਂ ਦੀਆਂ ਭੀੜਾਂ ਲੱਗੀਆਂ ਰਹਿੰਦੀਆਂ, ਘਰ ਦੇ ਬੂਹੇ ਅੱਗੇ । ਹੁਣ ਉਹਨੂੰ ਕਾਹਦੀ ਪਰਵਾਹ ਸੀ !

ਤੇ ਉਹੀ ਪੈਸਾ ਤੇ ਪਾਵਰ ਤੇ ਹੈਂਕੜ ਬੋਲਦੀ ਸੀ ਜਦੋਂ ਉਹ ਧਮਕੀਆਂ ਦੇਂਦਾ ਸੀ ।

ਦੋਸਤਾਂ ਨੇ ਸਮਝਾਇਆ, ਤੂੰ ਅੱਗੇ ਵੀ ਕੋਰਟ ਕਚਹਿਰੀ ਦੇ ਡਰੋਂ ਹੀ ਪਹਿਲਾ ਮਕਾਨ ਛੱਡ ਦਿੱਤਾ, ਹੁਣ ਇਹ ਵੀ ਨਾ ਛੱਡ ਦੇਈਂ । ਕਚਹਿਰੀ ਕੋਈ ਹਊਆ ਤਾਂ ਨਹੀਂ । ਨਾਲੇ ਮੁਕੱਦਮੇ ਕਿਹੜਾ ਆਪ ਭੁਗਤੀਦੇ ਨੇ । ਵਕੀਲ ਕਰ ਲੈ, ਬੱਸ ਛੁੱਟੀ ।

ਵਕੀਲ ਕਿਹੜਾ ਕੋਈ ਮੇਰੀ ਬਰਾਦਰੀ ਦੇ ਨੇ ! ਵਕੀਲ ਵੀ ਤਾਂ ਮਾਲਕ ਮਕਾਨ ਦੀ ਬਰਾਦਰੀ ਦੇ ਹੀ ਨੇ । ਪੂਰੇ ਮੁਕਦਮੇ ਦੇ ਪੈਸੇ ਐਡਵਾਂਸ ਲੈ ਕੇ ਦੋ ਵਕੀਲ ਤਾਂ ਉਹਦੇ ਨਾਲ ਰਲ ਚੁੱਕੇ ਨੇ -ਪਹਿਲੋਂ ਇਕ, ਮਗਰੋਂ ਦੂਜਾ । ਅਜਕਲ੍ਹ ਇਕ ਤੀਜਾ ਵਕੀਲ ਕੀਤਾ ਹੋਇਆ ਏ ।

ਇਕ ਅਜੀਬ ਅਹਿਸਾਸ ਏ, ਜਿਵੇਂ ਪਲੈਟਫ਼ਾਰਮ 'ਤੇ ਬੈਠ ਹੋਵਾਂ ।

ਨਵਾਂ ਮਕਾਨ ਲੱਭਣਾ ਵੀ ਸੌਖਾ ਨਹੀਂ ਅਜਕਲ੍ਹ ਦੇ ਜ਼ਮਾਨੇ ਵਿਚ ।

ਖ਼ਾਨਾ-ਬਦੋਸ਼ੀ ਦਾ ਇਕ ਇਹ ਵੀ ਆਲਮ ਏ ਦੋਸਤੋ ! ਘਰ ਵਿਚ ਹੀ ਖ਼ਾਨਾ-ਬਦੋਸ਼ੀ ਦਾ ਅਹਿਸਾਸ !